# G20 Sherpas' Meeting on 15-16 September 2021

September 17, 2021

---

## 15-16 ਸਤੰਬਰ 2021 ਨੂੰ ਹੋਈ ਜੀ 20 ਸ਼ੇਰਪਾਵਾਂ ਦੀ ਮੀਟਿੰਗ

17 ਸਤੰਬਰ, 2021

1. ਭਾਰਤੀ ਦੇ ਕੇਂਦਰੀ ਵਣਜ ਅਤੇ ਉਦਯੋਗ, ਖਪਤਕਾਰ ਮਾਮਲੇ, ਖੁਰਾਕ ਅਤੇ ਜਨਤਕ ਵੰਡ, ਟੈਕਸਟਾਈਲ ਅਤੇ ਭਾਰਤੀ ਜੀ 20 ਸ਼ੇਰਪਾ ਸ਼੍ਰੀ ਪੀਯੂਸ਼ ਗੋਇਲ ਨੇ 15-16 ਸਤੰਬਰ, 2021 ਨੂੰ ਵਰਚੁਅਲ ਫਾਰਮੈਟ ਵਿੱਚ ਦੋ ਦਿਨਾਂ ਦੀ ਜੀ 20 ਸ਼ੇਰਪਾ ਦੀ ਮੀਟਿੰਗ ਵਿੱਚ ਹਿੱਸਾ ਲਿਆ। ਭਾਰਤ ਦੀ ਜੀ -20 ਸ਼ੇਰਪਾ ਵਜੋਂ ਨਿਯੁਕਤੀ ਹੋਣ ਤੋਂ ਬਾਅਦ ਸ਼੍ਰੀ ਪੀਯੂਸ਼ ਗੋਇਲ ਨੇ ਪਹਿਲੀ ਵਾਰ ਜੀ -20 ਮੀਟਿੰਗ ਵਿੱਚ ਹਿੱਸਾ ਲਿਆ।

2. ਇਸ ਮੀਟਿੰਗ ਦੀ ਪ੍ਰਧਾਨਗੀ ਇਟਲੀ ਦੇ ਜੀ 20 ਸ਼ੇਰਪਾ ਰਾਜਦੂਤ ਲੁਈਗੀ ਮੈਟਿਓਲੋ ਨੇ ਕੀਤੀ, ਜਿਨ੍ਹਾਂ ਨੇ ਜੀ 20 ਪਰਿਵਾਰ ਵਿੱਚ ਸ਼੍ਰੀ ਪੀਯੂਸ਼ ਗੋਇਲ ਦਾ ਸਵਾਗਤ ਕੀਤਾ।

3. ਇਸ ਮੀਟਿੰਗ ਦੇ ਏਜੰਡਾ ਵਿੱਚ ਰੋਮ ਦੇ ਮਸੌਦਾ ਐਲਾਨ ਪੱਤਰ 'ਤੇ ਵਿਚਾਰ ਵਟਾਂਦਰਾ ਕਰਨਾ ਸੀ, ਜੋ ਜੀ -20 ਆਗੂਆਂ ਦੁਆਰਾ 30-31 ਅਕਤੂਬਰ, 2021 ਨੂੰ ਰੋਮ ਸੰਮੇਲਨ ਵਿਖੇ ਅੰਗੀਕਾਰ ਕੀਤਾ ਜਾਵੇਗਾ। ਇਸ ਐਲਾਨ ਦੇ ਮੁੱਖ ਵਿਸ਼ੇ ਸਿਹਤ ਅਤੇ ਕੋਵਿਡ-19 ਮਹਾਂਮਾਰੀ ਤੋਂ ਬਹਾਲੀ, ਟਿਕਾਊ ਵਿਕਾਸ, ਵਾਤਾਵਰਣ, ਜਲਵਾਯੂ ਅਤੇ ਊਰਜਾ, ਲਿੰਗ ਸਮਾਨਤਾ, ਸਿੱਖਿਆ, ਕਿਰਤ, ਰੁਜ਼ਗਾਰ, ਸੈਰ -ਸਪਾਟਾ, ਸੱਭਿਆਚਾਰ ਅਤੇ ਡਿਜਿਟਲ ਅਰਥਵਿਵਸਥਾ ਸਨ।

4. ਸ਼ੇਰਪਾਵਾਂ ਨੇ ਇਸ ਸਾਲ ਜੀ -20 ਦੀ ਪ੍ਰਧਾਨਗੀ ਕਰਨ ਅਤੇ ਵੱਖੋਂ ਵੱਖ ਵਿਸ਼ਿਆਂ ਨੂੰ ਸ਼ਾਮਲ ਕਰ ਆਗੂਆਂ ਲਈ ਮਜ਼ਬੂਤ ਦਸਤਾਵੇਜ਼ ਤਿਆਰ ਕਰਨ ਦੇ ਯਤਨਾਂ ਲਈ ਇਟਲੀ ਦਾ ਧੰਨਵਾਦ ਕੀਤਾ। ਇਨ੍ਹਾਂ ਸਾਰੇ ਮੁੱਦਿਆਂ 'ਤੇ ਭਾਰਤ ਵੱਲੋਂ ਕੀਤੀ ਗਈ ਤਰੱਕੀ 'ਤੇ ਚਾਨਣਾ ਪਾਉਂਦੇ ਹੋਏ ਉਨ੍ਹਾਂ ਨੇ ਕਿਹਾ ਕਿ ਆਗੂਆਂ ਲਈ ਭਾਰਤ ਸਾਰਥਕ ਅਤੇ ਸੰਤੁਲਿਤ ਬਿਆਨ ਬਾਰੇ ਗੱਲਬਾਤ ਵਿੱਚ ਉਸਾਰੂ ਭੂਮਿਕਾ ਨਿਭਾਏਗਾ।

ਨਵੀਂ ਦਿੱਲੀ
17 ਸਤੰਬਰ, 2021

DISCLAIMER: This is an approximate translation. The original is available in English on MEA's website and may be referred to as the official press release.